# ਖੂਬ ਭਰਵਾਂ ਰਿਹਾ ਪੰਜਾਬ ਸਪੋਰਟਸ ਕਲੱਬ ਦਾ ਪਰਿਵਾਰਕ ਮੇਲਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਦੁਪਹਿਰ ਦੋ ਵਜੇ ਤੱਕ ਐਲਕ ਗਰੂਵ ਵਿਲੇਜ ਵਿਚ ਮੇਲੇ ਵਾਲੀ ਥਾਂ ਦੀ ਪਾਰਕਿੰਗ ਨੱਕੋ ਨੱਕ ਭਰੀ ਹੋਈ ਸੀ, ਪੁਲਿਸ ਹੋਰ ਆ ਰਹੀਆਂ ਗੱਡੀਆਂ ਨੂੰ ਬਾਹਰ ਹੀ ਪਾਰਕ ਕਰਨ ਲਈ ਆਖ ਰਹੀ ਸੀ, ਖਾਣੇ ਲਈ ਲੰਮੀ ਲਾਈਨ ਲੱਗੀ ਹੋਈ ਸੀ, ਇਕ ਸਟਾਲ 'ਤੇ ਬੀਬੀਆਂ ਫਰੀ ਮਹਿੰਦੀ ਲੁਆਉਣ ਲਈ ਭੀੜ ਜਮਾਈ ਬੈਠੀਆਂ ਸਨ, ਖੇਡ ਮੈਦਾਨ ਦੇ ਦੁਆਲੇ ਰੁੱਖਾਂ ਹੇਠ ਮੇਲੀ ਤੇ ਖਾਸ ਕਰ ਬੀਬੀਆਂ ਕੁਰਸੀਆਂ ਮੱਲੀ ਬੈਠੀਆਂ ਸਨ ਤੇ ਉਥੇ ਤਿਲ ਧਰਨ ਦੀ ਥਾਂ ਬਾਕੀ ਨਹੀਂ ਸੀ, ਸਟੇਜ 'ਤੋਂ ਮੇਲੇ ਦੇ ਸਪਾਂਸਰਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਨਾਂ ਮੁੜ ਮੁੜ ਲਿਆ ਜਾ ਰਿਹਾ ਸੀ, ਮੇਲਾ ਭਰਵਾਂ ਹੋਣ ਕਰਕੇ ਪ੍ਰਧਾਨ ਅਮਰੀਕ ਸਿੰਘ ਦੀ ਪੂਰੀ ਬੱਲੇ ਬੱਲੇ ਹੋਈ ਪਈ ਸੀ। ਇਹ ਨਜ਼ਾਰਾ ਸੀ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ ਲੰਘੀ 2 ਜੁਲਾਈ ਨੂੰ ਕਰਵਾਏ ਗਏ ਖੇਡ ਤੇ ਸਭਿਆਚਾਰਕ ਮੇਲੇ ਦਾ।






*ਜੈਸਮੀਨ ਸੈਂਡਲਸ ਦਾ ਇਕ ਅੰਦਾਜ਼*

ਮੇਲੇ ਦਾ ਅਰੰਭ ਸਥਾਨਕ ਗੁਰਦੁਆਰਾ ਪੈਲਾਟਾਈਨ ਦੇ ਰਾਗੀ ਭਾਈ ਅਮਰੀਕ ਸਿੰਘ ਵਲੋਂ ਗੁਰੂ ਚਰਨਾਂ ਵਿਚ ਅਰਦਾਸ ਕੀਤੇ ਜਾਣ ਨਾਲ ਹੋਇਆ। ਉਪਰੰਤ ਰਸਮੀ ਤੌਰ 'ਤੇ ਅਸਮਾਨ ਵਿਚ ਗੁਬਾਰੇ ਛੱਡੇ ਗਏ।

ਕਬੱਡੀ ਮੁਕਾਬਲਿਆਂ ਵਿਚ ਸਿਆਟਲ ਸਪੋਰਟਸ ਕਲੱਬ ਦੀ ਟੀਮ ਯੂਬਾ ਸਿਟੀ ਸਪੋਰਟਸ ਕਲੱਬ ਨੂੰ 23 ਦੇ ਮੁਕਾਬਲੇ 35 ਅੰਕਾਂ ਨਾਲ ਹਰਾ ਕੇ ਜੇਤੂ ਰਹੀ ਅਤੇ ਇੰਜ ਪਹਿਲੇ ਇਨਾਮ ਦੀ ਹੱਕਦਾਰ ਬਣੀ। ਸੁਲਤਾਨ ਬੈਸਟ ਰੇਡਰ ਤੇ ਪਾਲਾ ਜਲਾਲਪੁਰੀਆ ਬੈਸਟ ਸਟਾਪਰ ਐਲਾਨੇ ਗਏ।

ਕਬੱਡੀ ਮੁਕਾਬਲਿਆਂ ਵਿਚ ਤਿੰਨ ਟੀਮਾਂ- ਮਿਡਵੈਸਟ ਸਪੋਰਟਸ ਕਲੱਬ ਸ਼ਿਕਾਗੋ, ਸਿਆਟਲ ਸਪੋਰਟਸ ਕਲੱਬ ਤੇ ਯੂਬਾ ਸਿਟੀ ਸਪੋਰਟਸ ਕਲੱਬ ਮੈਦਾਨ ਵਿਚ ਨਿੱਤਰੀਆਂ। ਕਬੱਡੀ ਦੇ ਪਹਿਲੇ ਇਨਾਮ ਦੇ ਸਪਾਂਸਰ ਮਿਲਵਾਕੀ ਤੋਂ ਬਿਜਸਨਸਮੈਨ ਦਰਸ਼ਨ ਸਿੰਘ ਧਾਲੀਵਾਲ ਸਨ ਜਿਨ੍ਹਾਂ ਆਪਣੇ ਪਿਤਾ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਇਹ ਇਨਾਮ ਦਿੱਤਾ। ਦੂਜੇ ਇਨਾਮ ਦੇ ਸਪਾਂਸਰ ਇੰਡੀਆਨਾ ਤੋਂ ਘੁਮਾਣ ਭਰਾ-ਹੈਰੀ ਘੁਮਾਣ ਤੇ ਅਮਰਵੀਰ ਘੁਮਾਣ ਸਨ। ਫਾਈਨਲ ਮੈਚ ਵਿਚ ਜੱਸੇ ਤੇ ਜਿੰਦਰ ਦਾ ਕਈ ਵਾਰੀ ਪੰਜਾ ਫਸਿਆ ਪਰ ਜਿੰਦਰ ਬਾਜ਼ੀ ਮਾਰਨ ਵਿਚ ਕਾਮਯਾਬ ਰਿਹਾ। ਸੰਦੀਪ ਤੇ ਨਵੀ ਜੌਹਲ ਵਿਚ ਜੋਰ ਅਜਮਾਈ ਹੋਈ ਪਰ ਨਵੀ ਜੌਹਲ ਦੀ ਝੰਡੀ ਰਹੀ। ਸੁਲਤਾਨ, ਗੁਰਪ੍ਰੀਤ ਸਿੰਘ, ਪਾਲਾ ਜਲਾਲਪੁਰੀਆ, ਗੋਰੀ, ਡਿੰਪੀ ਨੇ ਵਧੀਆ ਖੇਡ ਦਿਖਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ।

ਆਪਣੇ ਨਿਵੇਕਲੇ ਅੰਦਾਜ਼ ਵਿਚ ਕਬੱਡੀ ਕੁਮੈਂਟਰੀ ਕਰ ਕੇ ਮੱਖਣ ਅਲੀ ਨੇ ਕਬੱਡੀ ਦੇਖਣ ਦਾ ਸਵਾਦ ਕਈ ਗੁਣਾ ਵਧਾਈ ਰੱਖਿਆ। ਜਦੋਂ ਕੋਈ ਜਾਫੀ ਚੰਗਾ ਜੱਫਾ ਲਾਉਂਦਾ ਜਾਂ ਧਾਵੀ ਜਾਫੀ ਹੱਥੋਂ ਨਿਕਲਣ ਲਈ ਹੰਭਲਾ ਮਾਰਦਾ ਤਾਂ ਖਿਡਾਰੀ ਤੋਂ ਵੱਧ ਮੱਖਣ ਅਲੀ ਦਾ ਜੋਰ ਵੱਧ ਲੱਗਦਾ ਮਹਿਸੂਸ ਹੁੰਦਾ। ਰੈਫਰੀ ਰਾਜਾ ਤੱਲਣ ਤੇ ਰਾਣਾ ਭੰਡਾਲ ਸਨ ਜਦਕਿ ਮੈਚ ਦੇ ਅੰਕ ਲਿਖਣ ਦੀ ਸੇਵਾ ਰਘਵਿੰਦਰ ਸਿੰਘ ਮਾਹਲ ਨੇ ਨਿਭਾਈ।

ਵਾਲੀਬਾਲ ਮੁਕਾਬਲਿਆਂ ਵਿਚ ਕੁਲ 5 ਟੀਮਾਂ ਭਿੜੀਆਂ। ਫਾਈਨਲ ਵਿਚ ਸ਼ਹੀਦ ਭਗਤ ਸਿੰਘ ਕਲੱਬ-1 ਨੇ ਸ਼ਹੀਦ ਭਗਤ ਸਿੰਘ ਕਲੱਬ-2 ਨੂੰ ਹਰਾ ਕੇ ਟਰਾਫੀ ਜਿੱਤੀ। ਵਾਲੀਬਾਲ ਟੀਮ ਦੇ ਕੋਚ, ਕਪਤਾਨ ਤੇ ਖਿਡਾਰੀ ਟੋਨੀ ਸੰਘੇੜਾ ਨੇ ਆਪਣੀ ਟਰਾਫੀ ਸਟੇਜ 'ਤੇ ਹੀ ਮੇਲੇ ਵਿਚ ਸ਼ਾਮਿਲ ਸਾਬਕਾ ਵੈਟਰਨ ਵਾਲੀਬਾਲ ਖਿਡਾਰੀ ਸੰਤੋਖ ਸਿੰਘ ਨੂੰ ਸਮਰਪਿਤ ਕਰ ਦਿੱਤੀ। ਵਾਲੀਬਾਲ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ ਸੀ।

ਜੇਤੂ ਟੀਮਾਂ ਨੂੰ ਟਰਾਫੀਆਂ ਦਰਸ਼ਨ ਸਿੰਘ ਧਾਲੀਵਾਲ, ਡਾ. ਭੁਪਿੰਦਰ ਸਿੰਘ ਸੈਣੀ ਤੇ ਬਲਦੇਵ ਸਿੰਘ ਸੱਲਾਂ ਨੇ ਵੰਡੀਆਂ।



ਡੇਅਟਨ, ਓਹਾਇਓ ਤੋਂ ਆਏ ਅਵਤਾਰ ਸਿੰਘ ਸਪਰਿੰਗਫੀਲਡ ਨੇ ਸਿਰ ਪਰਨੇ ਹੋ ਕੇ ਆਪਣੀ ਕਲਾ ਦੇ ਜੌਹਰ ਦਿਖਾਏ। ਜਦੋਂ ਸਿਰ ਹੇਠਾਂ ਅਤੇ ਪੈਰ ਅਸਮਾਨ ਵੱਲ ਕਰਕੇ ਉਹ ਕਿੰਨਾ ਚਿਰ ਇਸੇ ਤਰ੍ਹਾਂ ਖੜ੍ਹਾ ਰਿਹਾ ਤਾਂ ਇਉਂ ਜਾਪਿਆ ਜਿਵੇਂ ਅਸਮਾਨ ਨੂੰ ਸਿਰ 'ਤੇ ਨਹੀਂ, ਪੈਰਾਂ 'ਤੇ ਠੱਲ੍ਹਣ ਦਾ ਯਤਨ ਕਰ ਰਿਹਾ ਹੋਵੇ।

ਅੱਜ ਤੱਕ ਸ਼ਿਕਾਗੋ ਵਿਚ ਹੋਏ ਮੇਲਿਆਂ ਵਿਚ ਇਹ ਸ਼ਾਇਦ ਪਹਿਲੀ ਵਾਰ ਸੀ ਕਿ ਮੇਲੇ ਵਿਚ ਦਰਜਨ ਤੋਂ ਵੱਧ ਵੀ.ਆਈ.ਪੀ. ਸ਼ਾਮਿਲ ਹੋਏ ਜਿਨ੍ਹਾਂ ਵਿਚ ਰਾਜ ਗਾਇਕ ਹੰਸ ਰਾਜ ਹੰਸ, ਸਮਾਜ ਸੇਵੀ ਐਸ.ਪੀ. ਸਿੰਘ ਉਬਰਾਏ, ਮਿਲਵਾਕੀ ਤੋਂ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ, ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ, ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਨੀਤਾ ਭੂਸ਼ਣ, ਡਾ. ਭੁਪਿੰਦਰ ਸਿੰਘ ਸੈਣੀ, ਮਨਜੀਤ ਸਿੰਘ ਰਾਜਪੁਰ ਭਾਈਆਂ (ਕੈਨੇਡਾ), ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ, ਜਥੇਦਾਰ ਤਾਰਾ ਸਿੰਘ ਸੱਲਾਂ, ਢੀਂਡਸਾ ਭਰਾ-ਅਮਰਜੀਤ ਸਿੰਘ ਤੇ ਲਖਵੀਰ ਸਿੰਘ, ਹਰਵਿੰਦਰ ਸਿੰਘ ਵਾਲੀਆ, ਬਲਦੇਵ ਸਿੰਘ ਸੱਲਾਂ, ਪਾਲ ਖਲੀਲ, ਮਿਸ਼ੀਗਨ ਦੇ ਸਿਆਸੀ ਹਲਕਿਆਂ ਵਿਚ ਸਰਗਰਮ ਸੰਨੀ ਧੂੜ, ਹੈਰੀ ਘੁਮਾਣ ਤੇ ਅਮਰਵੀਰ ਘੁਮਾਣ, ਜੀ.ਪੀ.ਐਸ. ਖਹਿਰਾ, ਅਟਾਰਨੀ ਜਸਪ੍ਰੀਤ ਸਿੰਘ, ਜਗੀਰ ਸਿੰਘ ਸਬਜ਼ੀ ਮੰਡੀ (ਨਿਊ ਯਾਰਕ), ਵਰਿੰਦਰਪਾਲ ਸਿੰਘ (ਐਰੀਜ਼ੋਨਾ) ਅਤੇ ਸੁਖਨਿੰਦਰ ਸਿੰਘ ਨੀਟੂ ਵੜਿਆਲ (ਫਰਿਜ਼ਨੋ) ਸ਼ਾਮਲ ਸਨ।



ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਨੀਤਾ ਭੂਸ਼ਨ ਨੇ ਕਿਹਾ ਕਿ ਮੈਨੂੰ ਇਥੇ ਆ ਕੇ ਚੰਗਾ ਲੱਗਾ ਹੈ। ਮੇਲੇ ਦੀ ਤਾਰੀਫ ਕਰਦਿਆਂ ਉਨ੍ਹਾਂ ਕਿਹਾ ਕਿ ਇਥੇ ਪਰਿਵਾਰਕ ਫੰਕਸ਼ਨ ਵਰਗਾ ਮਾਹੌਲ ਹੈ। ਸ਼ਿਕਾਗੋ ਤੋਂ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਆਪਣੀ ਜਿੱਤ ਲਈ ਭਾਈਚਾਰੇ ਦਾ ਸਹਿਯੋਗ ਲਈ ਧੰਨਵਾਦ ਕੀਤਾ। ਪੰਜਾਬੀ ਭਾਈਚਾਰੇ ਵਲੋਂ ਕੀਤੀ ਤਰੱਕੀ ਅਤੇ ਅਮਰੀਕੀ ਤਰੱਕੀ ਵਿਚ ਪਾਏ ਯੋਗਦਾਨ ਲਈ ਪ੍ਰਸ਼ੰਸਾ ਕੀਤੀ ਤੇ ਕਿਸੇ ਵੀ ਕੰਮ ਲਈ ਮਿਲਣ ਦਾ ਖੁੱਲ੍ਹਾ ਸੱਦਾ ਦਿੱਤਾ। ਜੋਸ਼ ਵਿਚ ਆਇਆਂ ਕ੍ਰਿਸ਼ਨਾਮੂਰਤੀ ਨੇ ਕਿਹਾ, ਅੱਜ ਤਾਂ ਮੈਨੂੰ ਵੀ ਰਾਜਾ ਸਿੰਘ ਕਿਹਾ ਜਾਵੇ ਤਾਂ ਵਧੀਆ ਰਹੇਗਾ।



ਇੰਡੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁੱਖ ਮਹਿਮਾਨ ਰਾਜ ਗਾਇਕ ਹੰਸ ਰਾਜ ਹੰਸ ਨੇ ਪੰਜਾਬ ਸਪੋਰਟਸ ਕਲੱਬ ਨੂੰ ਇਹ ਮੇਲਾ ਕਰਾਉਣ ਲਈ ਵਧਾਈ ਦਿੱਤੀ, ਜਿਥੇ ਪੰਜਾਬੀ ਭਾਈਚਾਰਾ ਆਪਣੇ ਸਭਿਆਚਾਰ ਨੂੰ ਪ੍ਰਫੁਲਿਤ ਕਰ ਰਿਹਾ ਹੈ। ਕਲੱਬ ਦੇ ਚੇਅਰਮੈਨ ਬਲਦੇਵ ਸਿੰਘ ਸੱਲਾਂ ਨੇ ਦਰਸ਼ਕਾਂ ਦਾ ਧੰਨਵਾਦ ਕੀਤਾ। ਵਿਸ਼ੇਸ਼ ਮਹਿਮਾਨ ਅਟਾਰਨੀ ਜਸਪ੍ਰੀਤ ਸਿੰਘ ਨੇ ਵਧੀਆ ਮੇਲਾ ਕਰਾਉਣ ਲਈ ਦਰਸ਼ਕਾਂ ਤੇ ਕਲੱਬ ਨੂੰ ਵਧਾਈ ਦਿੱਤੀ।

ਇੰਡੀਆਨਾ, ਮਿਸ਼ੀਗਨ, ਓਹਾਇਓ, ਆਇਓਵਾ, ਵਿਸਕਾਨਸਿਨ ਅਤੇ ਹੋਰਨਾਂ ਸਟੇਟਾਂ ਤੋਂ ਬਹੁਤ ਸਾਰੀਆਂ ਖੇਡ ਤੇ ਸਭਿਆਚਾਰਕ ਸੰਸਥਾਵਾਂ ਦੇ ਨੁਮਾਇੰਦੇ ਮੇਲਾ ਦੇਖਣ ਪਹੁੰਚੇ ਹੋਏ ਸਨ। ਸਿਨਸਿਨੈਟੀ ਤੋਂ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਨੁਮਾਇੰਦੇ ਸੁਰਜੀਤ ਮਾਵੀ ਦੀ ਅਗਵਾਈ ਹੇਠ ਮੇਲੇ 'ਚ ਮੇਲ੍ਹਦੇ ਫਿਰਦੇ ਸਨ। ਡਿਟਰਾਇਟ ਤੋਂ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਮਿਸ਼ੀਗਨ ਦੇ ਮੈਂਬਰ ਰਾਜ ਜਾਮਾਰਾਏ ਦੀ ਅਗਵਾਈ ਹੇਠ ਹਾਜ਼ਰੀ ਲੁਆ ਰਹੇ ਸਨ। ਸ਼ਿਕਾਗੋ ਤੋਂ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਪੰਜਾਬੀ ਕਲਚਰਲ ਸੁਸਾਇਟੀ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ, ਮਿਡਵੈਸਟ ਸਪੋਰਟਸ ਕਲੱਬ ਅਤੇ ਹੋਰ ਸੰਸਥਾਵਾਂ ਦੇ ਮੈਂਬਰ ਵੀ ਮੇਲੇ ਦਾ ਅਨੰਦ ਮਾਣ ਰਹੇ ਸਨ।

ਮੇਲੇ ਦਾ ਦੂਜਾ ਹਿੱਸਾ ਗਾਇਕੀ ਦਾ ਖੁੱਲ੍ਹਾ ਅਖਾੜਾ ਸੀ ਜਿਸ ਵਿਚ ਪੌਪ ਗਾਇਕਾ ਜੈਸਮੀਨ ਸੈਂਡਲਸ ਤੋਂ ਇਲਾਵਾ ਰੁਪਿੰਦਰ ਹਾਂਡਾ ਅਤੇ ਸ਼ੈਰੀ ਮਾਨ ਨੇ ਸਰੋਤਿਆਂ ਦਾ ਮਨੋਰੰਜਨ ਕੀਤਾ। ਸਥਾਨਕ ਗਾਇਕ ਤਾਰਾ ਮੁਲਤਾਨੀ ਨੇ ਗੁਰਦਾਸ ਮਾਨ ਦਾ ਗੀਤ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ' ਸਰੋਤਿਆਂ ਦੀ ਨਜ਼ਰ ਕੀਤਾ ਜਦੋਂਕਿ ਜਗਮੀਤ ਸਿੰਘ ਨੇ ਗੀਤ 'ਤੇਰੀ ਕਿਥੇ ਜਾਂਦੀ ਤਨਖਾਹ ਵੇ ਕੈਨੇਡਾ ਵਾਲਿਆ' ਗਾ ਕੇ ਹਾਜ਼ਰੀ ਲੁਆਈ।




*(ਬਾਕੀ ਅਗਲੇ ਸਫੇ 'ਤੇ)*

**ਮੇਲੇ ਦੀਆਂ ਹੋਰ ਤਸਵੀਰਾਂ ਸਫਾ 18-19 'ਤੇ ਵੇਖੋ**





ਤਸਵੀਰਾਂ: ਏਸ਼ੀਅਨ ਮੀਡੀਆ